ਮਿੱਠੇ ਬੱਚੇ:- "ਮਿੱਠੇ ਬੱਚੇ :- ਹੁਣ ਤੁਸੀ ਵੱਡੇ ਸਟੀਮਰ ਵਿੱਚ ਬੈਠੇ ਹੋ। ਤੁਸੀਂ ਖਾਰੀ ਚੈਨਲ ਨੂੰ ਪਾਰ ਕਰ ਸ਼ੀਰਸਾਗਰ ਵਿੱਚ ਜਾ ਰਹੇ ਹੋ, ਤੁਹਾਡਾ ਲੰਗਰ ਉੱਠ ਚੁੱਕਿਆ ਹੈ"

ਪ੍ਰਸ਼ਨ:- ਬੱਚਿਆਂ ਨੂੰ ਵਿਸ਼ੇਸ਼ ਥਕਾਵਟ ਕਿਸ ਗੱਲ ਵਿੱਚ ਆਉਂਦੀ ਹੈ? ਥਕਾਵਟ ਆਉਣ ਦਾ ਮੁੱਖ ਕਾਰਣ ਕੀ ਹੈ?

ਉੱਤਰ:- ਬੱਚੇ ਚਲਦੇ - ਚਲਦੇ ਯਾਦ ਦੀ ਯਾਤ੍ਰਾ ਵਿੱਚ ਹੀ ਥੱਕ ਜਾਂਦੇ ਹਨ। ਇਸ ਵਿੱਚ ਥਕਾਵਟ ਆਉਣ ਮੁੱਖ ਕਾਰਣ ਹੈ ਸੰਗਦੋਸ਼। ਸੰਗ ਅਜਿਹਾ ਮਿਲ ਜਾਂਦਾ ਹੈ ਜੋ ਬਾਪ ਦਾ ਹੱਥ ਛੱਡ ਦਿੰਦੇ ਹਨ। ਕਿਹਾ ਜਾਂਦਾ ਹੈ ਸੰਗ ਤਾਰੇ, ਕੁਸੰਗ ਬੋਰੇ। ਸੰਗ ਵਿੱਚ ਆਕੇ ਸਟੀਮਰ ਤੋਂ ਪੈਰ ਹੇਠਾਂ ਲਾਇਆ ਤਾਂ ਮਾਇਆ ਕੱਚਾ ਖਾ ਲਵੇਗੀ ਇਸਲਈ ਬਾਬਾ ਬੱਚਿਆਂ ਨੂੰ ਸਾਵਧਾਨ ਕਰਦੇ ਹਨ - ਬੱਚੇ ਸਮਰਥ ਬਾਪ ਦਾ ਹੱਥ ਕਦੇ ਨਹੀਂ ਛੱਡਣਾ।

ਗੀਤ:- ਮਾਤਾ ਓ ਮਾਤਾ...

ਓਮ ਸ਼ਾਂਤੀ। ਰੂਹਾਨੀ ਬਾਪ ਰੂਹਾਨੀ ਬੱਚਿਆਂ ਨੂੰ ਕਹਿੰਦੇ ਹਨ - ਬੱਚੇ ਓਮ ਸ਼ਾਂਤੀ। ਇਸ ਨੂੰ ਵੀ ਮਹਾਮੰਤ੍ਰ ਕਿਹਾ ਜਾਂਦਾ ਹੈ। ਆਤਮਾ ਆਪਣੇ ਸਵਧਰਮ ਦਾ ਮੰਤਰ ਜਪਦੀ ਹੈ। ਮੇਰਾ ਆਤਮਾ ਦਾ ਸਵਧਰਮ ਹੈ ਸ਼ਾਂਤ। ਮੈਨੂੰ ਸ਼ਾਂਤੀ ਦੇ ਲਈ ਕਿਸੇ ਜੰਗਲ ਆਦਿ ਵਿੱਚ ਜਾਣ ਦੀ ਲੋੜ ਨਹੀਂ ਹੈ। ਮੈਂ ਆਤਮਾ ਸ਼ਾਂਤ ਸਵਰੂਪ ਹਾਂ, ਇਹ ਮੇਰੇ ਆਰਗੰਜ਼ ਹਨ। ਆਵਾਜ਼ ਕਰਨਾ, ਨਾ ਕਰਨਾ ਇਹ ਤਾਂ ਮੇਰੇ ਹੱਥ ਵਿੱਚ ਹੈ। ਪ੍ਰੰਤੂ ਇਹ ਗਿਆਨ ਨਾ ਹੋਣ ਦੇ ਕਾਰਣ ਦਰ - ਦਰ ਭਟਕਦੇ ਹਨ। ਇਸ ਤੇ ਇੱਕ ਕਹਾਣੀ ਵੀ ਹੈ - ਇੱਕ ਰਾਣੀ ਦਾ ਹਾਰ ਗਲੇ ਵਿੱਚ ਸੀ ਪਰ ਉਹ ਭੁੱਲ ਗਈ, ਉਸ ਨੂੰ ਲੱਗਾ ਕਿ ਮੇਰਾ ਹਾਰ ਗੁਵਾਚ ਗਿਆ ਹੈ, ਤਾਂ ਉਹ ਬਾਹਰ ਲੱਭ ਰਹੀ ਸੀ। ਫਿਰ ਕਿਸੇ ਨੇ ਕਿਹਾ - ਹਾਰ ਤਾਂ ਗਲੇ ਵਿਚ ਪਿਆ ਹੈ। ਇਹ ਦ੍ਰਿਸਟਾਂਤ ਦਿੰਦੇ ਹਨ। ਮਨੁੱਖ ਦਰ - ਦਰ ਭਟਕਦੇ ਹਨ ਨਾ। ਸੰਨਿਆਸੀ ਆਦਿ ਵੀ ਕਹਿੰਦੇ ਹਨ ਮਨ ਦੀ ਸ਼ਾਂਤੀ ਕਿਵੇਂ ਹੋਵੇ, ਪ੍ਰੰਤੂ ਆਤਮਾ ਵਿੱਚ ਹੀ ਮਨ ਬੁੱਧੀ ਹੈ। ਆਤਮਾ ਇਨ੍ਹਾਂ ਆਰਗੰਜ਼ ਵਿੱਚ ਆਉਣ ਨਾਲ ਟਾਕੀ ਬਣਦੀ ਹੈ। ਬਾਪ ਕਹਿੰਦੇ ਹਨ ਤੁਸੀਂ ਆਤਮਾ ਆਪਣੇ ਸਵਧਰਮ ਵਿੱਚ ਰਹੋ। ਇਸ ਦੇਹ ਦੇ ਸਭ ਧਰਮ ਭੁੱਲ ਜਾਵੋ। ਬਾਰ - ਬਾਰ ਸਮਝਾਉਂਦੇ ਹਨ ਤਾਂ ਵੀ ਕੋਈ - ਕੋਈ ਕਹਿੰਦੇ ਹਨ ਸਾਨੂੰ ਸ਼ਾਂਤੀ ਵਿੱਚ ਬਿਠਾਓ, ਨੇਸ਼ਠਾ ਕਰਵਾਓ। ਇਹ ਵੀ ਕਹਿਣਾ ਰਾਂਗ ਹੈ। ਇੱਕ ਆਤਮਾ ਦੂਜੀ ਆਤਮਾ ਨੂੰ ਕਹਿੰਦੀ ਹੈ ਕਿ ਮੈਨੂੰ ਸ਼ਾਂਤੀ ਵਿੱਚ ਬਿਠਾਓ। ਅਰੇ, ਕੀ ਤੁਹਾਡਾ ਸਵਧਰਮ ਸ਼ਾਂਤ ਨਹੀਂ ਹੈ? ਜਦੋਂ ਤੱਕ ਰਾਹ ਦੱਸਣ ਵਾਲਾ ਬਾਪ ਨਹੀਂ ਮਿਲਿਆ ਉਦੋਂ ਤੱਕ ਸਵਧਰਮ ਵਿੱਚ ਕੋਈ ਟਿੱਕ ਨਹੀਂ ਸਕਦੇ। ਇਸ ਅਸ਼ਾਂਤ ਦੇਸ਼ ਵਿਚ ਤੁਹਾਡਾ ਇਹ ਅੰਤਿਮ ਜਨਮ ਹੈ। ਹੁਣ ਤੁਹਾਨੂੰ ਚਲਣਾ ਹੈ ਸ਼ਾਂਤ ਦੇਸ਼ ਵਿਚ, ਫਿਰ ਜਾਣਾ ਹੈ ਸੁਖਧਾਮ ਵਿੱਚ। ਇੱਥੇ ਤਾਂ ਘਰ - ਘਰ ਵਿਚ ਅਸ਼ਾਂਤੀ ਹੈ। ਸਤਿਯੁਗ ਵਿੱਚ ਘਰ - ਘਰ ਵਿਚ ਰੌਸ਼ਨੀ ਹੈ। ਤਾਂ ਇੱਥੇ ਹਨੇਰਾ ਹੈ, ਇੱਥੇ ਹਰ ਗੱਲ ਵਿਚ ਠੋਕਰ ਖਾਣੀ ਪੈਂਦੀ ਹੈ। ਘਰ - ਘਰ ਵਿਚ ਹਨੇਰਾ ਹੈ ਇਸ ਲਈ ਦੀਵੇ ਜਗਾਉਂਦੇ ਹਨ। ਜਦੋਂ ਰਾਵਣ ਮਰਦਾ ਹੈ ਫਿਰ ਦੀਵਾਲੀ ਮਨਾਉਂਦੇ ਹਨ। ਉੱਥੇ ਤਾਂ ਰਾਵਣ ਹੁੰਦਾ ਨਹੀਂ। ਤਾਂ ਸਦਾ ਦੀਵਾਲੀ ਹੀ ਹੈ। ਇੱਥੇ ਰਾਵਣ ਰਾਜ ਦੇ ਕਾਰਨ 12 ਮਹੀਨੇ ਦੇ ਬਾਅਦ ਦੀਵਾਲੀ ਮਨਾਉਂਦੇ ਹਨ। ਰਾਵਣ ਮਰਿਆ ਅਤੇ ਲਕਸ਼ਮੀ - ਨਾਰਾਇਣ ਦਾ ਕਾਰੋਨੇਸ਼ਨ ਹੋਇਆ। ਉਸ ਦੀ ਖੁਸ਼ੀ ਮਨਾਉਂਦੇ ਹਨ। ਸਤਿਯੁਗ ਵਿੱਚ ਜਦੋਂ ਲਕਸ਼ਮੀ - ਨਾਰਾਇਣ ਤਖ਼ਤ ਤੇ ਬੈਠਦੇ ਹਨ ਤਾਂ ਕਾਰੋਨੇਸ਼ਨ ਮਨਾਉਂਦੇ ਹਨ। ਤੁਸੀਂ ਜਾਣਦੇ ਹੋ ਹੁਣ ਰਾਵਣ ਰਾਜ ਪੂਰਾ ਹੋਵੇਗਾ। ਭਾਰਤ ਨੂੰ ਫਿਰ ਤੋਂ ਰਾਜ ਭਾਗ ਮਿਲਣਾ ਹੈ। ਹਾਲੇ ਕੋਈ ਰਾਜ ਨਹੀਂ ਹੈ। ਬਾਪ ਤੋਂ ਰਾਜ ਮਿਲਣਾ ਹੈ। ਬੇਹੱਦ ਦਾ ਬਾਪ ਬੇਹੱਦ ਦੀ ਰਾਜਧਾਨੀ ਦਾ ਵਰਸਾ ਦਿੰਦੇ ਹਨ। ਬਾਪ ਕਹਿੰਦੇ ਹਨ ਮੈਂ ਤੁਹਾਨੂੰ ਸਦਾ ਸੁਖ ਦਾ ਵਰਸਾ ਦੇਣ ਵਾਲਾ ਹਾਂ, ਬਾਕੀ ਹੋਰ ਸਭ ਤੁਹਾਨੂੰ ਦੁੱਖ ਦੇਣ ਵਾਲੇ ਹਨ। ਕਰਕੇ ਕੋਈ ਸੁਖ ਵੀ ਦੇਣਗੇ ਤਾਂ ਅਲਪਕਾਲ ਸ਼ਣਭੰਗੂਰ। ਉਹ ਸੁਖ ਹੈ ਕਾਗ ਵਿਸ਼ਟਾ ਸਮਾਨ। ਮੈਂ ਤੁਹਾਨੂੰ ਇਤਨਾ ਸੁਖ ਦਿੰਦਾ ਹਾਂ ਜੋ ਫਿਰ ਕਦੇ ਦੁੱਖ ਹੋਵੇਗਾ ਹੀ ਨਹੀਂ ਇਸਲਈ ਇਸ ਦੇਹ ਸਹਿਤ ਇਸ ਦੇਹ ਦੇ ਸੰਬੰਧ ਰੱਖਣ ਵਾਲਿਆਂ ਨੂੰ ਭੁੱਲੋ। ਇਹ ਦੇਹ ਅਤੇ ਦੇਹ ਦੇ ਸੰਬੰਧੀ ਤੁਹਾਨੂੰ ਦੁੱਖ ਦੇਣ ਵਾਲੇ ਹਨ, ਇਨ੍ਹਾਂ ਨੂੰ ਛੱਡ ਮੈਨੂੰ ਇੱਕ ਬਾਪ ਨੂੰ ਯਾਦ ਕਰੋ। ਯਾਦ ਕਰਨਾ ਹੁੰਦਾ ਹੀ ਹੈ - ਸਵੇਰੇ ਅੰਮ੍ਰਿਤਵੇਲੇ। ਭਗਤੀ ਮਾਰਗ ਵਿੱਚ ਵੀ ਮਨੁੱਖ ਸਵੇਰੇ ਉਠਦੇ ਹਨ। ਕੋਈ ਕਿਸੇ ਦੀ ਮਤ ਤੇ ਕੀ ਕਰਦੇ, ਕੋਈ ਕੀ ਕਰਦੇ ਹਨ? ਬਾਪ ਸਮਝਾਉਂਦੇ ਹਨ ਸਵੇਰੇ ਉੱਠ ਕੇ ਜਿੰਨਾਂ ਹੋ ਸਕੇ ਆਪਣੇ ਨੂੰ ਆਤਮਾ ਸਮਝ ਮੈਨੂੰ ਬਾਪ ਨੂੰ ਯਾਦ ਕਰੋ। ਇਹ ਹੈ ਬਾਪ ਦਾ ਫ਼ਰਮਾਨ।

ਭਗਤ ਭਗਵਾਨ ਨੂੰ ਯਾਦ ਵੀ ਕਰਦੇ ਹਨ ਅਤੇ ਫਿਰ ਕਹਿ ਦਿੰਦੇ ਸਭ ਭਗਵਾਨ ਹੈ। ਹਾਲੇ ਉਹ ਸਮਝਦੇ ਨਹੀਂ ਹਨ। ਇੱਕ ਦਿਨ ਉਹ ਸਭ ਤੁਹਾਡੇ ਮਿਤ੍ਰ ਬਣਨਗੇ। ਕਹਿਣਗੇ ਇਹ ਗੱਲ ਤੇ ਠੀਕ ਹੈ। ਈਸ਼ਵਰ ਸਰਵਵਿਆਪੀ ਕਹਿਣਾ ਮਤਲਬ ਆਪਣਾ ਅਤੇ ਭਾਰਤ ਦਾ ਬੇੜਾ ਗ਼ਰਕ ਕਰਨਾ ਹੈ। ਦੂਜੀ ਗੱਲ - ਭਾਰਤ ਨੂੰ ਸਵਰਾਜ ਦਾ ਮੱਖਣ ਦਵਾਉਣ ਵਾਲਾ ਹੈ ਬਾਪ, ਉਨ੍ਹਾਂ ਦੇ ਬਦਲੇ ਫਿਰ ਨਾਮ ਰੱਖ ਦਿੱਤਾ ਹੈ ਬੱਚੇ ਦਾ, ਜਿਸ ਸ਼੍ਰੀਕ੍ਰਿਸ਼ਨ ਨੂੰ ਮੱਖਣ ਮਿਲਦਾ ਹੈ। ਤਾਂ ਮਨੁੱਖ ਸਮਝਦੇ ਹਨ ਭਾਰਤ ਨੂੰ ਮੱਖਣ ਦਵਾਉਣ ਵਾਲਾ ਸ਼੍ਰੀਕ੍ਰਿਸ਼ਨ ਹੈ। ਬਾਪ ਦੇ ਬਦਲੇ ਬੱਚੇ ਦਾ ਨਾਮ ਪਾ ਅਨਰਥ ਕਰ ਦਿੱਤਾ ਹੈ। ਹੁਣ ਸਾਰੀ ਦੁਨੀਆ ਦਾ ਭਗਵਾਨ ਕੋਈ ਕ੍ਰਿਸ਼ਨ ਤੇ ਹੋ ਨਹੀਂ ਸਕਦਾ। ਮਨੁੱਖਾਂ ਨੇ ਰਾਵਣ ਦੀ ਮਤ ਤੇ ਆਪਣੇ ਆਪ ਨੂੰ ਸ੍ਰਾਪਿਤ ਕੀਤਾ ਹੈ। ਬਾਪ ਹੈ ਖਵਈਆ, ਤੁਸੀਂ ਸਭ ਹੋ ਨਈਆ ( ਨਾਵ )। ਗਾਉਂਦੇ ਹਨ ਨਾ - ਨਈਆ ਮੇਰੀ ਪਾਰ ਕਰੋ। ਹੁਣ ਤੁਸੀਂ ਬੈਠੇ ਹੋ - ਵੱਡੇ ਸਟੀਮਰ ਵਿੱਚ। ਚੰਦ੍ਰਕਾਂਤ ਵੇਦਾਂਤ ਵਿੱਚ ਸਟੀਮਰ ਦੀ ਗੱਲ ਹੈ। ਉਹ ਵੀ ਹੁਣ

ਦਾ ਬਣਾਇਆ ਹੋਇਆ ਹੈ। ਤੁਸੀਂ ਸਟੀਮਰ ਵਿੱਚ ਉਸ ਪਾਰ ਜਾ ਰਹੇ ਹੋ। ਵਿਸ਼ੇ ਸਾਗਰ ਤੋਂ ਅੰਮ੍ਰਿਤ ਮਤਲਬ ਸ਼ੀਰਸਾਗਰ ਵਿੱਚ ਜਾਂਦੇ ਹੋ। ਜਿਵੇਂ ਲੰਡਨ ਤੋਂ ਖਾਰੀ ਚੈਨਲ ਤੋਂ ਜੋ ਸਟੀਮਰ ਪਾਰ ਕਰਦੇ ਹਨ, ਉਨ੍ਹਾਂ ਨੂੰ ਇਨਾਮ ਮਿਲਦਾ ਹੈ। ਇਹ ਫਿਰ ਨਰਕ ਤੋਂ ਸਵਰਗ ਜਾਣਾ ਹੈ। ਵਿਸ਼ੇ ਸਾਗਰ ਖਾਰੀ ਹੈ। ਤੁਸੀਂ ਵੱਡੇ ਸਟੀਮਰ ਤੇ ਬੈਠੇ ਹੋ। ਤੁਸੀਂ ਚਲ ਪਏ ਹੋ, ਲੰਗਰ ਉੱਠ ਗਿਆ ਹੈ। ਤੁਸੀਂ ਜਾ ਰਹੇ ਹੋ, ਉਸ ਪਾਰ ਜਾਣਾ ਹੈ। ਸਟੀਮਰ ਚਲਦੇ - ਚਲਦੇ ਪੋਰਟ ਆਉਂਦੇ ਹਨ। ਉੱਥੇ ਕੋਈ ਉਤਰਦੇ ਹਨ ਕੋਈ ਚੜਦੇ ਹਨ। ਕੋਈ ਖਾਣ ਪੀਣ ਦੇ ਲਈ ਜਾਂਦੇ ਹਨ ਤਾਂ ਰਹਿ ਜਾਂਦੇ ਹਨ। ਇਸ ਤੇ ਇੱਕ ਕਹਾਣੀ ਬਣਾਈ ਹੋਈ ਹੈ। ਕ੍ਰਿਸ਼ਨ ਬਟੂਕਾ ਮਹਾਰਾਜ ਜੀ ਲਿਖ ਦਿੱਤਾ ਹੈ। ਉਹ ਸਟੀਮਰ ਦਾ ਕੈਪਟਨ ਹੈ। ਫਿਰ ਸਟੀਮਰ ਦੇ ਚਲਦੇ - ਚਲਦੇ ਕਈ ਉਤਰ ਜਾਂਦੇ ਹਨ ਤਾਂ ਉਥੇ ਮਾਇਆ ਅਜਗਰ ਬੈਠੀ ਹੈ। ਮਹਾਰਥੀਆਂ ਨੂੰ ਵੀ ਹਪ ਕਰ ਖਾ ਜਾਂਦੀ ਹੈ। ਪੜਾਈ ਨੂੰ ਛੱਡ ਦਿੰਦੇ ਹਨ ਗੋਇਆ ਨਿਸ਼ਚੇ ਬੁੱਧੀ ਨਾ ਰਹੇ। ਫਿਰ ਵਿਚਕਾਰ ਸਾਗਰ ਦੇ ਡਿੱਗ ਪੈਂਦੇ ਹਨ।

ਤੁਸੀਂ ਵੇਖਿਆ ਹੈ ਪੰਛੀ ਮਰਦੇ ਹਨ - ਤਾਂ ਫਿਰ ਚੀਟੀਆਂ ਦਾ ਝੁੰਡ ਆਕੇ ਉਨ੍ਹਾਂ ਨੂੰ ਚੁੱਕਦੇ ਹਨ। ਤਾਂ ਇਹ ਪੰਜ ਵਿਕਾਰਾਂ ਰੂਪੀ ਭੂਤ ਇੱਕਦਮ ਕੱਚਾ ਖਾ ਕੇ ਹਪ ਕਰ ਲੈਂਦੇ ਹਨ। ਇਸ ਤੇ ਵੱਡੀ ਕਹਾਣੀ ਲਿਖੀ ਹੋਈ ਹੈ। ਸਮਝੋ ਕੋਈ ਸਟੀਮਰ ਵਿੱਚ ਬੈਠੇ ਹਨ - ਗਰੰਟੀ ਵੀ ਲਿਖਦੇ ਹਨ, ਫੋਟੋ ਵੀ ਆਪਣਾ ਭੇਜ ਦਿੰਦੇ ਹਨ। ਫਿਰ ਜੇਕਰ ਕਿਸੇ ਦੇ ਸੰਗ ਵਿੱਚ ਵਿਗੜ ਗਏ ਤਾਂ ਪੜਾਈ ਛੱਡ ਦੇਣਗੇ, ਫਿਰ ਉਹ ਚਿਤ੍ਰ ਉਨ੍ਹਾਂ ਨੂੰ ਵਾਪਿਸ ਭੇਜ ਦੇਣਗੇ। ਇਸ ਸਮੇਂ ਮਾਇਆ ਹੈ ਤਮੋਪ੍ਰਧਾਨ। ਈਸ਼ਵਰ ਦਾ ਹੱਥ ਛੱਡਿਆ ਤਾਂ ਅਸੁਰ ਫੜ ਲੈਣਗੇ। ਅਜਿਹੇ ਬਹੁਤ ਚਲਦੇ - ਚਲਦੇ ਹੱਥ ਛੱਡ ਉਤਰ ਜਾਂਦੇ ਹਨ। ਸਮਾਚਾਰ ਆਉਂਦੇ ਹਨ - ਇਨ੍ਹਾਂ ਨੂੰ ਕ੍ਰੋਧ ਦੇ ਭੂਤ ਨੇ, ਮੋਹ ਦੇ ਭੂਤ ਨੇ ਫੜ ਲਿਆ ਹੈ। ਪਹਿਲੇ ਤੇ ਨਸ਼ਟੋਮੋਹਾ ਬਣਨਾ ਪਵੇ। ਮੋਹ ਇੱਕ ਨਾਲ ਰੱਖਣਾ ਚਾਹੀਦਾ ਹੈ। ਇਹ ਹੈ ਮਿਹਨਤ। ਮੋਹ ਦੀਆਂ ਜੰਜੀਰਾਂ ਬਹੁਤ ਲੱਗੀਆਂ ਹੋਈਆਂ ਹਨ। ਹੁਣ ਇੱਕ ਨਾਲ ਬੁੱਧੀਯੋਗ ਲਗਾਉਣਾ ਹੈ। ਜਿਵੇਂ ਮਨੁੱਖ ਭਗਤੀ ਬੈਠ ਕਰਦੇ ਹਨ ਤਾਂ ਬੁੱਧੀ ਧੰਧੇ ਵੱਲ, ਘਰ ਵੱਲ ਚਲੀ ਜਾਂਦੀ ਹੈ। ਇੱਥੇ ਵੀ ਤੁਹਾਡਾ ਇਵੇਂ ਹੋਵੇਗਾ। ਚਲਦੇ - ਚਲਦੇ ਤੁਹਾਨੂੰ ਬੱਚਾ ਯਾਦ ਆ ਜਾਵੇਗਾ। ਪਤੀ ਯਾਦ ਆ ਜਾਵੇਗਾ। ਬਾਪ ਕਹਿੰਦੇ ਹਨ ਇਨ੍ਹਾਂ ਜੰਜੀਰਾਂ ਤੋਂ ਬੁੱਧੀਯੋਗ ਹਟਾ ਕੇ ਇੱਕ ਨੂੰ ਯਾਦ ਕਰੋ। ਜੇਕਰ ਅੰਤ ਵੇਲੇ ਹੋਰ ਕੋਈ ਸਮ੍ਰਿਤੀ ਆਈ ਤਾਂ ਅੰਤ ਕਾਲ ਜੋ ਪਤੀ ਸਿਮਰੇ… ਪਿਛਾੜੀ ਵਿੱਚ ਸਿਵਾਏ ਸ਼ਿਵਬਾਬਾ ਦੇ ਹੋਰ ਕੋਈ ਯਾਦ ਨਾ ਆਵੇ, ਅਜਿਹਾ ਅਭਿਆਸ ਪਾਉਣਾ ਹੈ। ਸਵੇਰੇ ਉੱਠ ਬਾਪ ਨੂੰ ਯਾਦ ਕਰੋ। ਬਾਬਾ ਅਸੀਂ ਤੁਹਾਡੇ ਕੋਲ ਆਏ ਹਾਂ - ਜਰੂਰ ਅਸੀਂ ਸਵਰਗ ਦੇ ਮਾਲਿਕ ਬਣਾਂਗੇ। ਬਾਪ ਅਤੇ ਵਰਸੇ ਨੂੰ ਮਤਲਬ ਅਲਫ਼ ਅਤੇ ਬੇ ਨੂੰ ਯਾਦ ਕਰਨਾ ਹੈ। ਅਲਫ਼ ਅੱਲ੍ਹਾ ਬੇ ਬਾਦਸ਼ਾਹੀ। ਆਤਮਾ ਬਿੰਦੀ ਹੈ। ਇੱਥੇ ਮਨੁੱਖ ਟਿੱਕਾ ਲਗਾਉਂਦੇ ਹਨ ਤਾਂ ਕੋਈ ਬਿੰਦੀ ਲਗਾਉਂਦੇ ਹਨ, ਕੋਈ ਲੰਬਾ ਤਿਲਕ ਲਗਾਉਂਦੇ ਹਨ, ਕੋਈ ਕ੍ਰਾਉਣ ਮੁਅਫਿਕ ਕਰਦੇ ਹਨ, ਕੋਈ ਛੋਟਾ ਸਟਾਰ ਲਗਾ ਦਿੰਦੇ ਹਨ, ਕੋਈ ਹੀਰਾ ਲਗਾਉਂਦੇ ਹਨ। ਬਾਪ ਕਹਿੰਦੇ ਹਨ ਤੁਸੀਂ ਆਤਮਾ ਹੋ। ਜਾਣਦੇ ਹੋ ਆਤਮਾ ਸਟਾਰ ਮਿਸਲ ਹੈ। ਉਸ ਆਤਮਾ ਵਿੱਚ ਸਾਰੇ ਡਰਾਮੇ ਦਾ ਰਿਕਾਰਡ ਭਰਿਆ ਹੋਇਆ ਹੈ। ਹੁਣ ਬਾਪ ਫ਼ਰਮਾਨ ਕਰਦੇ ਹਨ ਨਿਰੰਤਰ ਮੈਨੂੰ ਬਾਪ ਨੂੰ ਯਾਦ ਕਰੋ ਹੋਰ ਸਭ ਤੋਂ ਬੁੱਧੀਯੋਗ ਤੋੜੋ। ਇਹ ਲਕਸ਼ ਹੋਰ ਕੋਈ ਵੀ ਦੇ ਨਹੀਂ ਸਕਦਾ। ਬਾਪ ਕਹਿੰਦੇ ਹਨ ਤੁਹਾਡੇ ਸਿਰ ਤੇ ਜਨਮ - ਜਨਮੰਤਰ ਦੇ ਪਾਪ ਹਨ। ਉਹ ਯਾਦ ਦੇ ਸਿਵਾਏ ਭਸਮ ਨਹੀਂ ਹੋਣਗੇ। ਐਵਰਹੈਲਦੀ ਬਣਨ ਲਈ ਬਾਪ ਨੂੰ ਯਾਦ ਕਰਨਾ ਹੈ। ਬਾਪ ਤੋਂ ਹੀ ਵਰਸਾ ਮਿਲਦਾ ਹੈ। ਐਵਰਹੇਲਦੀ ਅਤੇ ਐਵਰ ਵੈਲਦੀਪਣੇ ਦਾ। ਹੈਲਥ - ਵੈਲਥ ਹੈ ਤਾਂ ਬਾਕੀ ਹੋਰ ਕੀ ਚਾਹੀਦਾ! ਹੈਲਥ ਹੈ, ਵੈਲਥ ਨਹੀਂ ਤਾਂ ਵੀ ਮਜਾ ਨਹੀਂ। ਵੈਲਥ ਹੈ, ਹੈਲਥ ਨਹੀਂ ਤਾਂ ਵੀ ਮਜਾ ਨਹੀਂ। ਆਤਮਾ ਨੂੰ ਪਹਿਲੇ ਬਾਪ ਨੂੰ ਯਾਦ ਕਰਨਾ ਹੈ ਤਾਂ ਵਿਕਰਮ ਵਿਨਾਸ਼ ਹੋਣਗੇ ਅਤੇ 21 ਜਨਮਾਂ ਦੇ ਲਈ ਹੈਲਥ ਮਿਲੇਗੀ ਅਤੇ ਸਵਦਰਸ਼ਨ ਚਕ੍ਰਧਾਰੀ ਬਣੋਗੇ ਤਾਂ ਫਿਰ 21 ਜਨਮਾਂ ਦੇ ਲਈ ਵੈਲਥ ਮਿਲੇਗੀ। ਕਿੰਨੀ ਸਹਿਜ ਗੱਲ ਹੈ। ਅਸੀ 84 ਜਨਮ ਇਵੇਂ ਚਕ੍ਰ ਲਗਾਇਆ ਹੈ। ਹੁਣ ਇਹ ਖ਼ਾਕ ਹੋ ਜਾਣ ਵਾਲੇ ਹਨ, ਉਨ੍ਹਾਂ ਨਾਲ ਦਿਲ ਕਿਓਂ ਲਗਾਈਏ? ਦਿਲ ਉਨ੍ਹਾਂ ਨਾਲ ਲਗਾਉਣੀ ਹੈ ਜੋ ਨਵੀਂ ਦੁਨੀਆ ਦੀ ਬਾਦਸ਼ਾਹੀ ਦੇਵੇ। ਆਤਮਾਵਾਂ ਨਾਲ ਗੱਲ ਕਰਦੇ ਹਨ - ਬੱਚੇ, ਹੁਣ ਇਸ ਸ਼ਰੀਰ ਨੂੰ ਭੁੱਲ ਆਪਣੇ ਨੂੰ ਅਸ਼ਰੀਰੀ ਸਮਝ ਮੈਨੂੰ ਯਾਦ ਕਰੋ। ਇਹ ਸ਼ਰੀਰ ਤੁਹਾਨੂੰ ਪਾਰਟ ਵਜਾਉਣ ਦੇ ਲਈ ਮਿਲਿਆ ਹੈ। ਸਵੇਰੇ ਉੱਠਕੇ ਇਹ ਸਿਮਰਨ ਕਰਨਾ ਚਾਹੀਦਾ ਹੈ। ਸਾਜਨ ਜੋ ਖਾੜੀ ਤੋਂ ਪਾਰ ਲੈ ਜਾਂਦੇ ਹਨ, ਉਨ੍ਹਾਂ ਨੂੰ ਯਾਦ ਕਰਨਾ ਹੈ, ਬਾਕੀ ਹੋਰ ਸਭ ਵਿਸ਼ੇ ਸਾਗਰ ਵਿਚ ਡੁੱਬਣ ਵਾਲੇ ਹਨ। ਬਾਪ ਹੈ ਪਾਰ ਕਰਨ ਵਾਲਾ, ਉਨ੍ਹਾਂ ਨੂੰ ਖਵਈਆ, ਬਾਗਵਾਨ ਵੀ ਕਿਹਾ ਜਾਂਦਾ ਹੈ। ਤੁਹਾਨੂੰ ਕੰਡੇ ਤੋਂ ਫੁੱਲ ਬਣਾਕੇ ਸਵਰਗ ਵਿਚ ਭੇਜ ਦਿੰਦੇ ਹਨ। ਫਿਰ ਸਵਰਗ ਵਿਚ ਤੁਸੀਂ ਕਦੇ ਦੁੱਖ ਨਹੀਂ ਵੇਖੋਗੇ ਇਸਲਈ ਉਨ੍ਹਾਂ ਨੂੰ ਕਹਿੰਦੇ ਹਨ ਦੁੱਖਹਰਤਾ, ਸੁਖਕਰਤਾ। ਹਰ - ਹਰ ਮਹਾਦੇਵ ਕਹਿੰਦੇ ਹਨ ਨਾ। ਸ਼ਿਵ ਨੂੰ ਹੀ ਕਹਾਂਗੇ। ਇਹ ਹੈ ਬ੍ਰਹਮਾ, ਵਿਸ਼ਨੂੰ, ਸ਼ੰਕਰ ਦਾ ਵੀ ਬਾਪ। ਉਹ ਹੀ ਬਾਪ 21 ਜਨਮ ਦੇ ਲਈ ਸੁਖ ਦਾ ਵਰਸਾ ਦਿੰਦੇ ਹਨ ਤਾਂ ਉਸ ਨੂੰ ਯਾਦ ਕਰਨਾ ਚਾਹੀਦਾ ਹੈ ਨਾ, ਇਸ ਵਿੱਚ ਚਾਹੀਦੀ ਹੈ ਹਿੰਮਤ। ਯਾਦ ਕਰਦੇ - ਕਰਦੇ ਥੱਕ ਜਾਂਦੇ ਹਨ ਤਾਂ ਚਲਣਾ ਹੀ ਬੰਦ ਕਰ ਦਿੰਦੇ ਹਨ। ਸੰਗ ਅਜਿਹਾ ਮਿਲਾ ਜਾਂਦਾ ਹੈ ਤਾਂ ਛੱਡ ਦਿੰਦੇ ਹਨ ਇਸਲਈ ਕਿਹਾ ਜਾਂਦਾ ਹੈ ਸੰਗ ਤਾਰੇ, ਕੁਸੰਗ ਬੋਰੇ। ਬਾਹਰ ਜਾਣ ਤੇ ਕੁਸੰਗ ਮਿਲੇਗਾ, ਤਾਂ ਨਸ਼ਾ ਉੱਡ ਜਾਵੇਗਾ। ਕਈ ਕਹਿਣਗੇ ਬ੍ਰਹਮਾ ਕੁਮਾਰੀਆਂ ਦੇ ਕੋਲ ਤਾਂ ਜਾਦੂ ਹੈ, ਲੱਗ ਜਾਵੇਗਾ। ਇਨ੍ਹਾਂ ਦੇ ਕੋਲ ਨਹੀਂ ਜਾਣਾ। ਪ੍ਰੀਖਿਆਵਾਂ ਤਾਂ ਆਉਣਗੀਆਂ। ਅਜਿਹੇ ਬਹੁਤ ਹੁੰਦੇ ਹਨ - ਦਸ ਸਾਲ ਰਹਿ ਕੇ ਵੀ ਫਿਰ ਸੰਗਦੋਸ਼ ਵਿੱਚ ਆ ਜਾਂਦੇ ਹਨ। ਪੈਰ ਹੇਠਾਂ ਲਾਇਆ ਅਤੇ ਮਾਇਆ ਕੱਚਾ ਖਾ ਲੈਂਦੀ ਹੈ। ਇਹ ਵੀ ਨਿਸ਼ਚੇ ਕਰਦੇ ਹਨ ਤਾਂ ਬਾਪ ਤੋਂ ਸਵਰਗ ਦਾ ਵਰਸਾ ਜਰੂਰ ਮਿਲਦਾ ਹੈ। ਫਿਰ ਵੀ ਮਾਇਆ ਦੇ ਵੱਡੇ ਤੂਫਾਨ ਆਉਂਦੇ ਹਨ, ਇਹ ਯੁੱਧ ਦਾ ਮੈਦਾਨ ਹੈ। ਅੱਧਾਕਲਪ ਮਾਇਆ ਦਾ ਰਾਜ ਚੱਲਿਆ ਹੈ। ਹੁਣ ਉਨ੍ਹਾਂ ਤੇ ਵਿਜੇ ਪਾਉਣੀ ਹੈ। ਰਾਵਣ ਨੂੰ ਸਾੜਦੇ ਹਨ ਫਿਰ ਇੱਕ ਦਿਨ ਖੁਸ਼ੀ ਮਨਾਉਂਦੇ ਹਨ। ਇਹ ਸਭ ਆਰਟੀਫਿਸ਼ਲ ਸੁਖ ਹੈ। ਰੀਅਲ ਸੁਖ ਮਿਲਦਾ ਹੈ ਸੁਖਧਾਮ ਵਿੱਚ। ਬਾਕੀ ਨਰਕ ਦਾ ਸੁਖ ਹੈ ਕਾਗ ਵਿਸ਼ਟਾ ਦੇ ਸਮਾਨ। ਸਵਰਗ ਵਿਚ ਤਾਂ ਸੁਖ ਹੀ ਸੁਖ ਹੈ। ਤੁਸੀਂ ਸੁਖਧਾਮ ਦੇ ਲਈ ਪੁਰਸ਼ਾਰਥ ਕਰ ਰਹੇ ਹੋ। ਬਾਕਸਿੰਗ ਵਿੱਚ ਕਦੇ ਮਾਇਆ ਦੀ ਜਿੱਤ ਅਤੇ ਕਦੇ

ਬੱਚਿਆਂ ਦੀ ਜਿੱਤ ਹੁੰਦੀ ਹੈ। ਇਹ ਯੁੱਧ ਰਾਤ ਦਿਨ ਚਲਦੀ ਹੈ। ਉਸਤਾਦ ਦਾ ਹੱਥ ਪੂਰਾ ਫੜਨਾ ਹੈ। ਉਸਤਾਦ ਸ੍ਰਵਸ਼ਕਤੀਮਾਨ, ਸਮਰਥ ਹੈ। ਹੱਥ ਛੱਡ ਦਵੋ ਗੇ ਤਾਂ ਫਿਰ ਸ੍ਰਵਸ਼ਕਤੀਮਾਨ ਵੀ ਕੀ ਕਰੇ? ਹੱਥ ਛੱਡਿਆ ਇਹ ਗਿਆ। ਸਟੀਮਰ ਦੀ ਗੱਲ ਸ਼ਾਸਤਰਾਂ ਵਿੱਚ ਵੀ ਹੈ। ਹੁਣ ਸਟੀਮਰ ਜਾ ਰਿਹਾ ਹੈ। ਬਾਕੀ ਥੋੜੇ ਦਿਨ ਹਨ। ਬੈਕੁੰਠ ਤੇ ਸਾਮ੍ਹਣੇ ਵੇਖਣ ਵਿਚ ਆਉਂਦਾ ਹੈ। ਪਿਛਾੜੀ ਦੇ ਟਾਇਮ ਤਾਂ ਬਾਰ - ਬਾਰ ਬੈਕੁੰਠ ਦੇ ਦ੍ਰਿਸ਼ ਵੇਖਦੇ ਰਹੋਗੇ। ਜਿਵੇਂ ਸ਼ੁਰੂ ਵਿਚ ਬਹੁਤ ਵੇਖਦੇ ਸਨ। ਪਿਛਾੜੀ ਵਿੱਚ ਵੀ ਤੁਹਾਨੂੰ ਬਹੁਤ ਸਾਖਸ਼ਾਤਕਾਰ ਹੋਵੇਗਾ। ਜੋ ਇੱਥੇ ਹੋਣਗੇ, ਜੋ ਹਿੰਮਤ ਨਾਲ ਹੱਥ ਫੜ ਕੇ ਰੱਖਦੇ ਹਨ, ਉਹ ਹੀ ਅੰਤ ਵੇਲੇ ਇਹ ਸਭ ਵੇਖਣ ਗੇ। ਬੱਚੀਆਂ ਦੱਸਣ ਲੱਗ ਪੈਣਗੀਆਂ - ਬਾਬਾ, ਇਹ ਦਾਸੀ ਬਣਨ ਵਾਲੀ ਹੈ, ਇਹ ਫਲਾਣੀ ਬਣਨ ਵਾਲੀ ਹੈ। ਫਿਰ ਅਫ਼ਸੋਸ ਕਰਨਗੇ - ਅਸੀਂ ਦਾਸੀ ਬਣ ਗਏ। ਮਿਹਨਤ ਨਹੀਂ ਕੀਤੀ ਤਾਂ ਹੋਰ ਕੀ ਹਾਲ ਹੋਵੇਗਾ? ਫਿਰ ਬਹੁਤ ਪਛਤਾਉਣਾ ਹੋਵੇਗਾ। ਸ਼ੁਰੂ ਵਿਚ ਤੁਸੀਂ ਬਹੁਤ ਖੇਲਪਾਲ ਦੇਖੇ ਹਨ। ਗੀਤ ਹੈ ਨਾ ਜੋ ਹਮਨੇ ਦੇਖਾ... ਤਾਂ ਜਿਵੇਂ ਸਮੇਂ ਨੇੜੇ ਆਉਂਦਾ ਜਾਵੇਗਾ, ਸਭ ਦੱਸਦੇ ਰਹਿਣਗੇ ਫਿਰ ਪੜਾਈ ਤੇ ਹੋ ਨਹੀਂ ਸਕਦੀ। ਬਾਪ ਕਹਿਣਗੇ ਤੁਹਾਨੂੰ ਕਿੰਨਾਂ ਸਮਝਾਇਆ, ਤੁਸੀਂ ਸ਼੍ਰੀਮਤ ਤੇ ਨਹੀਂ ਚੱਲੇ ਤਾਂ ਇਹ ਹਾਲ ਹੋਇਆ, ਹੁਣ ਕਲਪ - ਕਲਪ ਇਹ ਪਦਵੀ ਮਿਲਦੀ ਰਹੇਗੀ ਇਸਲਈ ਬਾਬਾ ਕਹਿੰਦੇ ਹਨ ਆਪਣਾ ਪੁਰਸ਼ਾਰਥ ਕਰਦੇ ਰਹੋ, ਮਾਤਾ - ਪਿਤਾ ਨੂੰ ਫਾਲੋ ਕਰੋ। ਕਈ ਕਪੂਤ ਬੱਚੇ ਵੀ ਹੁੰਦੇ ਹਨ ਨਾ। ਮਾਇਆ ਦੇ ਵਸ਼ ਹੋ ਤੰਗ ਕਰਦੇ ਹਨ ਫਿਰ ਬਹੁਤ ਭਾਰੀ ਸਜਾ ਖਾਣਗੇ, ਪਦਵੀ ਵੀ ਭ੍ਰਸ਼ਟ ਹੋ ਜਾਵੇਗੀ। ਸਜਾਵਾਂ ਦਾ ਵੀ ਬੱਚੀਆਂ ਨੇ ਸਾਖਸ਼ਾਤਕਾਰ ਕੀਤਾ ਹੈ। ਦੁਨੀਆ ਵਿਚ ਹੈ ਆਸੁਰੀ ਸੰਗ ਅਤੇ ਇੱਥੇ ਹੈ ਈਸ਼ਵਰੀ ਸੰਗ। ਬਾਬਾ ਸਭ ਗੱਲਾਂ ਸਮਝਾਉਂਦੇ ਹਨ ਫਿਰ ਇਵੇਂ ਕੋਈ ਨਾ ਕਹੇ ਸਾਨੂੰ ਕੀ ਪਤਾ? ਵਿਨਾਸ਼ ਦੇ ਸਮੇਂ ਮਨੁੱਖ ਬਹੁਤ ਤ੍ਰਾਹੀ - ਤ੍ਰਾਹੀ ਕਰਨ ਲੱਗ ਪੈਣਗੇ। ਤੁਸੀਂ ਬਹੁਤ ਸਾਖਸ਼ਾਤਕਾਰ ਕਰਦੇ ਰਹੋਗੇ। ਮਰੂਆ ਮੌਤ ਮਲੂਕਾ ਸ਼ਿਕਾਰ... ਇਸੇ ਤਰ੍ਹਾਂ ਨਾਲ ਤੁਸੀਂ ਡਾਂਸ ਕਰਦੇ ਰਹੋਗੇ। ਤੁਸੀਂ ਵੇਖਦੇ ਰਹੋਗੇ ਕਿ ਵਿਨਾਸ਼ ਦੇ ਬਾਦ ਫਿਰ ਸਾਡੇ ਮਹਿਲ ਕਿਵੇਂ ਬਣਦੇ ਹਨ। ਜੋ ਜਿਉਂਦੇ ਰਹਿਣਗੇ ਉਹ ਸਭ ਵੇਖਣ ਗੇ। ਬਾਪ ਦਾ ਬਣ ਕੇ ਫਿਰ ਜੇਕਰ ਫ਼ਾਰਗਤੀ ਦੇ ਦਿੱਤੀ ਤਾਂ ਵੇਖ ਥੋੜੇ ਹੀ ਸਕਣਗੇ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਪੰਜ ਹਜਾਰ ਬਾਦ ਫਿਰ ਤੋਂ ਆਕੇ ਮਿਲੇ ਹੋਏ ਬੱਚਿਆਂ ਪ੍ਰਤੀ ਨੰਬਰਵਾਰ ਪੁਰਸ਼ਾਰਥ ਅਨੁਸਾਰ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਸਮਰਥ ਬਾਪ ਦਾ ਹੱਥ ਫੜਕੇ ਰੱਖਣਾ ਹੈ, ਇੱਕ ਬਾਪ ਨਾਲ ਹੀ ਦਿਲ ਲਗਾਉਣੀ ਹੈ, ਸਵੇਰੇ ਉੱਠਕੇ ਯਾਦ ਵਿੱਚ ਬੈਠਣਾ ਹੈ।

**2.** ਸੰਗਦੋਸ਼ ਤੋਂ ਆਪਣੀ ਸੰਭਾਲ ਕਰਨੀ ਹੈ। ਕੁਸੰਗ ਵਿੱਚ ਆਕੇ ਕਦੇ ਪੜਾਈ ਨਹੀਂ ਛੱਡਣੀ ਹੈ।

ਵਰਦਾਨ:- ਖੁਸ਼ੀ ਦੀ ਗੋਲੀ ਜਾਂ ਇੰਜੈਕਸ਼ਨ ਦਵਾਰਾ ਖੁਦ ਦੀ ਦਵਾਈ ਖੁਦ ਕਰਨ ਵਾਲੇ ਨਾਲੇਜਫੁੱਲ ਭਵ।

ਬ੍ਰਾਹਮਣ ਬੱਚੇ ਆਪਣੇ ਬਿਮਾਰੀ ਦੀ ਦਵਾਈ ਖੁਦ ਹੀ ਕਰ ਸਕਦੇ ਹਨ। ਖੁਸ਼ੀ ਦੀ ਖੁਰਾਕ ਸੈਕਿੰਡ ਵਿੱਚ ਅਸਰ ਕਰਨ ਵਾਲੀ ਦਵਾਈ ਹੈ। ਜਿਵੇਂ ਡਾਕਟਰ ਪਾਵਰਫੁੱਲ ਇੰਜੈਕਸ਼ਨ ਲਗਾ ਦਿੰਦੇ ਹਨ ਤਾਂ ਚੇਂਜ ਹੋ ਜਾਂਦੇ। ਅਜਿਹੇ ਬ੍ਰਾਹਮਣ ਖੁਦ ਹੀ ਖੁਦ ਨੂੰ ਖੁਸ਼ੀ ਦੀ ਗੋਲੀ ਦੇ ਦਿੰਦੇ ਜਾਂ ਖੁਸ਼ੀ ਦਾ ਇੰਜੈਕਸ਼ਨ ਲਗਾ ਦਿੰਦੇ ਤਾਂ ਬਿਮਾਰੀ ਦਾ ਰੂਪ ਬਦਲ ਜਾਂਦਾ। ਨਾਲੇਜ ਦੀ ਲਾਈਟ ਮਾਈਟ ਸ਼ਰੀਰ ਨੂੰ ਵੀ ਚਲਾਉਣ ਵਿੱਚ ਬਹੁਤ ਮਦਦ ਦਿੰਦੀ ਹੈ। ਕੋਈ ਵੀ ਬਿਮਾਰੀ ਆਉਂਦੀ ਹੈ ਤਾਂ ਇਹ ਵੀ ਬੁੱਧੀ ਨੂੰ ਰੈਸਟ ਦੇਣ ਦਾ ਸਾਧਨ ਹੈ।

ਸਲੋਗਨ:- ਜੋ ਮਨ ਦੀ ਇਕਾਗ੍ਰਤਾ ਦਵਾਰਾ ਸ੍ਰਵ ਸਿੱਧੀਆਂ ਪ੍ਰਾਪਤ ਕਰ ਲੈਂਦੇ ਹਨ ਉਹ ਹੀ ਸਿੱਧੀ ਸਵਰੂਪ ਬਣਦੇ ਹਨ।

******